# Orientation to Ontario

1-855-626-0002
settlement.org/o2o

## ਨਸਲਪ੍ਰਸਤੀ ਦਾ ਮੁਕਾਬਲਾ ਕਰਨਾ

ਕਨੇਡਾ ਇੱਕ ਅਜਿਹਾ ਦੇਸ਼ ਹੈ, ਜਿਸਦੀ ਬੁਨਿਆਦ ਬਸਤੀਵਾਦ ਅਤੇ ਇਮੀਗ੍ਰੇਸ਼ਨ 'ਤੇ ਟਿਕੀ ਹੈ। ਇਸ ਨੂੰ ਦੁਨੀਆ ਵਿੱਚ ਸਭ ਤੋਂ ਵੱਧ ਵੰਨ-ਸੁਵੰਨੇ ਲੋਕਾਂ ਵਾਲੇ ਇੱਕ ਦੇਸ਼ ਵਜੋਂ ਜਾਣਿਆ ਜਾਂਦਾ ਹੈ। ਲੋਕਾਂ ਅਤੇ ਸਭਿਆਚਾਰਾਂ ਦੀ ਇਹ ਪੱਚੀਕਾਰੀ ਮਨੁੱਖੀ ਰਿਸ਼ਤਿਆਂ ਲਈ ਇੱਕ ਵਿਲੱਖਣ ਅਤੇ ਉਭਰ ਰਹੀਆਂ ਵੰਗਾਰਾਂ ਨੂੰ ਵੀ ਪੇਸ਼ ਕਰਦੀ ਹੈ।.

ਓਂਟਾਰੀਓ ਅਤੇ ਕੈਨੇਡਾ ਵਿੱਚ ਨਸਲੀ ਪੱਖਪਾਤ ਅਤੇ ਨਸਲਪ੍ਰਸਤੀ ਹੋ ਰਹੀ ਹੈ। ਨਸਲਪ੍ਰਸਤੀ ਅਤੇ ਨਸਲੀ ਪੱਖਪਾਤ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਲਈ, ਇਸ ਸੱਚਾਈ ਨੂੰ ਇੱਕ ਸ਼ੁਰੂਆਤੀ ਬਿੰਦੂ ਵਜੋਂ ਮੰਨਿਆ ਜਾ ਸਕਦਾ ਹੈ।.

### ਕੀ ਤੁਹਾਨੂੰ ਪਤਾ ਹੈ?

ਨਸਲਪ੍ਰਸਤੀ ਬਾਰੇ ਗੱਲਬਾਤ ਕਰਦਿਆਂ ਹੋਇਆਂ, ਇਸ ਗੱਲ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ ਕਿ ਅਣਕਮਾਏ ਵਿਸ਼ੇਸ਼-ਅਧਿਕਾਰ, ਲਾਭ, ਫ਼ਾਇਦੇ, ਪਹੁੰਚ ਅਤੇ/ਜਾਂ ਮੌਕੇ, ਜੋ ਸਮਾਜ ਵਿਚਲੇ ਪ੍ਰਭਾਵੀ ਸਮੂਹ ਜਾਂ ਦਿੱਤੇ ਗਏ ਸੰਦਰਭ ਵਿਚਲੇ ਮੈਂਬਰਾਂ ਲਈ ਮੌਜੂਦ ਹਨ। ਇਸ ਆਮ ਵਿਚਾਰ ਨੂੰ ਅਕਸਰ "ਗੋਰਿਆਂ ਦਾ ਵਿਸ਼ੇਸ਼-ਅਧਿਕਾਰ" ਕਿਹਾ ਜਾਂਦਾ ਹੈ।

## ਨਸਲਪ੍ਰਸਤੀ

ਨਸਲਪ੍ਰਸਤੀ ਇੱਕ ਵਿਚਾਰਧਾਰਾ ਹੈ, ਜੋ ਜਾਂ ਤਾਂ ਸਿੱਧਿਆਂ ਜਾਂ ਅਸਿੱਧਿਆਂ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇੱਕ ਸਮੂਹ ਹੋਰਨਾਂ ਦੇ ਮੁਕਾਬਲੇ ਜਮਾਂਦਰੂ ਤੌਰ 'ਤੇ ਉੱਚਾ ਹੈ। ਇਹ ਗੱਲ ਅਕਸਰ ਗ਼ਲਤ ਵਿਸ਼ਵਾਸਾਂ, ਪਹਿਲਾਂ ਤੋਂ ਬਣਾਈ ਧਾਰਣਾ ਅਤੇ ਕਾਰਵਾਈਆਂ ਵਿੱਚ ਨਜ਼ਰ ਆਉਂਦੀ ਹੈ। ਇਹ ਨਸਲੀ ਖ਼ੂਬੀਆਂ ਕਰਕੇ ਲੋਕਾਂ 'ਤੇ ਜ਼ੁਲਮ ਕਰਦੀ ਹੈ ਅਤੇ ਆਪਣੇ ਅਧੀਨ ਰੱਖਦੀ ਹੈ ਅਤੇ ਇਹ ਸਮਾਜਕ, ਆਰਥਕ, ਸਿਆਸੀ ਅਤੇ ਸਭਿਆਚਾਰਕ ਜ਼ਿੰਦਗੀ 'ਤੇ ਵੀ ਡੂੰਘਾ ਅਸਰ ਪਾਉਂਦੀ ਹੈ। ਨਸਲੀ ਪੱਖਪਾਤ ਵਧਾਉਣ ਵਿੱਚ ਇਹ ਵੱਡੀ ਭੂਮਿਕਾ ਨਿਭਾਉਂਦੀ ਹੈ।.

ਨਸਲਪ੍ਰਸਤੀ ਕਈ ਪੱਧਰਾਂ 'ਤੇ ਕੰਮ ਕਰਦੀ ਹੈ: ਅਸਾਧਾਰਣ ਜਾਂ ਨਿਜੀ, ਸੰਸਥਾਗਤ ਜਾਂ ਸਰਬਾਂਗੀ ਅਤੇ ਸਮਾਜੀ। ਇਹ ਜੱਥੇਬੰਦਕ ਜਾਂ ਸੰਸਥਾਗਤ ਅਤੇ ਪ੍ਰੋਗਰਾਮਾਂ ਦੇ ਨਾਲ ਹੀ ਵਿਅਕਤੀ ਦੀ ਸੋਚ ਜਾਂ ਵਿਹਾਰ ਦੀਆਂ ਬਣਤਰਾਂ ਵਿੱਚ ਵੀ ਨਜ਼ਰ ਆ ਸਕਦੀ ਹੈ।.

## ਨਸਲੀਕਰਣ

ਨਸਲੀਕਰਣ ਦਾ ਮਤਲਬ "ਉਸ ਅਮਲ ਤੋਂ ਹੈ, ਜਿਸ ਰਾਹੀਂ ਸਮਾਜ ਨਸਲਾਂ ਨੂੰ ਅਸਲ, ਵੱਖਰੇ ਅਤੇ ਨਾਬਰਾਬਰੀ ਨਾਲ ਸਿਰਜਦੇ ਹਨ, ਜਿਹਨਾਂ ਦੀ ਆਰਥਿਕ, ਸਿਆਸੀ ਅਤੇ ਸਮਾਜਕ ਜ਼ਿੰਦਗੀ ਲਈ ਅਹਿਮੀਅਤ ਹੈ।". ਨਸਲੀ ਸ਼੍ਰੇਣੀਆਂ ਵਿਤਕਰਿਆਂ, ਵਿਸ਼ੇਸ਼ ਵਿਲੱਖਣਤਾਵਾਂ ਅਤੇ ਖ਼ੂਬੀਆਂ 'ਤੇ ਟਿਕੀਆਂ ਹੁੰਦੀਆਂ ਹਨ, ਜਿਹਨਾਂ ਨੂੰ ਸਮਾਜ ਨੇ ਜ਼ੋਰ ਪਾਉਣ ਲਈ ਚੁਣਿਆ ਹੈ। ਸਰੀਰਕ ਖ਼ੂਬੀਆਂ ਤੋਂ ਇਲਾਵਾ, ਲੋਕਾਂ ਦੀਆਂ ਵਿਸ਼ੇਸ਼ਤਾਵਾਂ, ਜੋ ਕਿ ਆਮ ਤੌਰ 'ਤੇ ਨਸਲਪ੍ਰਸਤ ਲੋਕਾਂ ਵਿੱਚ ਹੁੰਦੀਆਂ ਹਨ: ਲਹਿਜਾ ਜਾਂ ਬੋਲਣ ਦਾ ਤਰੀਕਾ, ਨਾਂਅ, ਕੱਪੜੇ ਅਤੇ ਆਪਣੇ ਆਪ ਨੂੰ ਤਿਆਰ ਕਰਨਾ, ਖ਼ੁਰਾਕ, ਆਸਥਾ ਅਤੇ ਵਿਹਾਰ, ਅਰਾਮ ਕਰਨ ਦੀਆਂ ਤਰਜੀਹਾਂ, ਮੂਲ ਥਾਵਾਂ ਅਤੇ ਨਾਗਰਿਕਤਾ।.

## ਨਸਲੀ ਪੱਖਪਾਤ

ਕਿਸੇ ਵਿਅਕਤੀ ਦੇ ਬੰਸ ਦੇ ਅਧਾਰ 'ਤੇ ਕੋਈ ਵਿਲੱਖਣਤਾ, ਵਿਹਾਰ ਜਾਂ ਜਾਣ-ਬੁੱਝਕੇ ਜਾਂ ਅਣਜਾਣਪੁਣੇ ਵਿੱਚ ਕੀਤੀ ਗਈ ਕਾਰਵਾਈ ਹੈ, ਜਿਸਦਾ ਕਿਸੇ ਵਿਅਕਤੀ ਜਾਂ ਸਮੂਹ 'ਤੇ ਭਾਰ ਲੱਦਣ ਦਾ ਅਸਰ ਹੈ, ਜਦਕਿ ਹੋਰਨਾਂ 'ਤੇ ਇਹ ਭਾਰ ਨਹੀਂ ਪਾਇਆ ਜਾਂਦਾ ਜਾਂ ਸਮਾਜ ਦੇ ਹੋਰਨਾਂ ਮੈਂਬਰਾਂ ਨੂੰ ਮਿਲਣ ਵਾਲੇ ਲਾਭਾਂ ਤੱਕ ਪਹੁੰਚ ਨੂੰ ਰੋਕਦਾ ਹੈ ਜਾਂ ਸੀਮਤ ਕਰਦਾ ਹੈ।.

## ਨਸਲਪ੍ਰਸਤੀ ਦੇ ਰੋਜ਼ ਦੇ ਅਨੁਭਵ

ਨਸਲਪ੍ਰਸਤੀ ਦੇ ਰੋਜ਼ ਦੇ ਅਨੁਭਵਾਂ ਦੀਆਂ ਉਦਾਹਰਣਾਂ ਵਿੱਚ ਸ਼ਾਮਿਲ ਹੋ ਸਕਦੇ ਹਨ:

- **ਬੋਲਚਾਲ**: ਅਫ਼ਰੀਕੀ ਕਨੇਡਾਈ ਗਾਹਕਾਂ ਨਾਲ ਵਰਤਾਰਾ ਕਰਦਿਆਂ ਹੋਇਆਂ, ਵਿਕਰੀ ਕਲਰਕ ਦੀ ਅਵਾਜ਼ ਦਾ ਲਹਿਜਾ ਰੁੱਖਾ, ਕੋਰਾ ਜਾਂ ਚੁਭਵਾਂ ਹੋਣਾ।.
- **ਤੱਕਣੀ**: 9/11 ਤੋਂ ਬਾਅਦ ਆਸਟ੍ਰੇਲਿਆਈ ਕਨੇਡੀਅਨ ਮੁਸਲਿਮ ਪਰਿਵਾਰਾਂ ਨੂੰ ਤੌਹੀਨ ਨਾਲ ਵੇਖਣਾ।.
- **ਹਰਕਤਾਂ**: ਚੀਨੀ ਕਨੇਡੀਅਨ ਵਲੋਂ ਬੱਸ ਵਿੱਚ ਸੀਟ 'ਤੇ ਬਹਿਣ ਲੱਗਿਆਂ, ਮੁਸਾਫ਼ਰਾਂ ਵਲੋਂ ਨਾਲ ਦੀ ਸੀਟ ਖ਼ਾਲੀ ਕਰਨੀ।.

Funded by / Financé par

Immigration, Refugees and Citizenship Canada
Immigration, Réfugiés et Citoyenneté Canada
Ontario

## ਨਸਲਪ੍ਰਸਤੀ ਦਾ ਮੁਕਾਬਲਾ ਕਰਨਾ

ਨਸਲਪ੍ਰਸਤੀ ਮਨੁੱਖੀ ਹੱਕਾਂ ਦੀ ਉਲੰਘਣਾ ਕਰਦੀ ਹੈ, ਮਨੁੱਖੀ ਵੁਕਾਰ ਨੂੰ ਘੱਟ ਕਰਦੀ ਹੈ ਅਤੇ ਲੋਕਰਾਜ ਨੂੰ ਖੋਰਾ ਲਾਉਂਦੀ ਹੈ। ਜੇ ਤੁਸੀਂ ਨਸਲਪ੍ਰਸਤੀ ਦਾ ਮੁਕਾਬਲਾ ਕਰਨ ਲਈ ਕੋਈ ਕਾਰਵਾਈ ਨਹੀਂ ਕਰਦੇ, ਤਾਂ ਤੁਹਾਡੀ ਖ਼ਾਮੋਸ਼ੀ ਨਸਲਪ ਸਤੀ ਦੀ ਨਿਸ਼ਾਨੀ ਬਣ ਜਾਂਦੀ ਹੈ।

ਨਸਲਪ੍ਰਸਤੀ ਦਾ ਵਿਰੋਧ ਨਸਲੀ ਨਾਬਰਾਬਰੀ ਦਾ ਮੁਕਾਬਲਾ ਕਰਨ ਅਤੇ ਸਮੂਹਾਂ ਅਤੇ ਇਸ ਨੂੰ ਖੜ੍ਹਾ ਰੱਖਣ ਵਾਲੇ ਢਾਂਚਿਆਂ ਵਿਚਕਾਰ ਜ਼ੋਰਦਾਰ ਅਸਾਵੀਂ ਤਾਕਤ ਦਾ ਟਾਕਰਾ ਕਰਨ ਲਈ ਵਿਹਾਰਕ ਕਾਰਵਾਈਆਂ ਕਰਨ ਬਾਰੇ ਹੈ। ਇਸ ਵਿੱਚ ਢਾਂਚਿਆਂ, ਪਾਲਸੀਆਂ ਅਤੇ ਪ੍ਰੋਗਰਾਮਾਂ ਦਾ ਲਗਾਤਾਰ ਮੁਲਾਂਕਣ ਕਰਨ ਦੇ ਨਾਲ ਹੀ ਇਹ ਯਕੀਨੀ ਬਣਾਉਣਾ ਕਿ ਉਹ ਸਾਰਿਆਂ ਲਈ ਨਿਰਪੱਖ ਅਤੇ ਨਿਆਂਸੰਗਤ ਹਨ, ਸ਼ਾਮਿਲ ਹੈ।

ਨਸਲਪ ਸਤ ਨਾ ਹੋਣਾ ਹੀ ਕਾਫ਼ੀ ਨਹੀਂ ਹੈ। ਨਸਲਪ ਸਤ ਨਾ ਹੋਣ ਦੇ ਮੁਕਾਬਲੇ ਇੱਕ ਨਸਲਪ ਸਤੀ-ਵਿਰੋਧੀ ਹੁੰਦਾ ਹੈ।

## ਨਸਲੀ ਪਖਪਾਤ ਦੀ ਰਿਪੋਰਟ ਕਰਨੀ

ਜੇ ਤੁਹਾਡੇ ਸੁਆਲ ਹਨ ਜਾਂ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:

- ਓਂਟਾਰੀਓ ਵਿੱਚ ਬੰਸ-ਅਧਾਰਿਤ ਪੱਖਪਾਤ ਅਤੇ ਮਨੁੱਖੀ ਹੱਕਾਂ ਬਾਰੇ ਪਾਲਸੀਆਂ ਅਤੇ ਸੇਧਾਂ ਬਾਰੇ ਜਾਣਕਾਰੀ ਲਈ ohrc.on.ca 'ਤੇ ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ (Ontario Human Rights Commission) ਨਾਲ ਸੰਪਰਕ ਕਰੋ।

### ਸ੍ਰੋਤ:

- **Ontario Human Rights Commission: ohrc.on.ca/en/racial-discrimination-race-and-racism-fact-sheet**
- **The Canadian Charter of Rights and Freedoms: justice.gc.ca**
- **Human Rights Legal Support Centre: hrlsc.on.ca or 1-866-625-51**
- **Federal Anti-Racism Secretariat: canada.ca/en/canadian-heritage/campaigns/federal-anti-racism-secretariat.html**
- **Canadian Heritage: canada.ca/en/canadian-heritage/campaigns/anti-racism-engagement/resources.html**
- **Anti-Racism Directorate: ontario.ca/page/anti-racism-directorate**
- **How to be an antiracist by Ibram X. Ken**

- ਜੇ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ, ਤਾਂ hrlsc.on.ca 'ਤੇ ਜਾਓ ਜਾਂ 1-866-625-5179 'ਤੇ ਮਨੁੱਖੀ ਹੱਕਾਂ ਬਾਰੇ ਕਾਨੂੰਨੀ ਸਹਾਇਤਾ ਸੈਂਟਰ (Human Rights Legal Support Centre) ਨਾਲ ਸੰਪਰਕ ਕਰੋ।
- ਓਂਟਾਰੀਓ ਵਿੱਚ ਬੰਸ-ਅਧਾਰਿਤ ਪੱਖਪਾਤ ਅਤੇ ਮਨੁੱਖੀ ਹੱਕਾਂ ਬਾਰੇ ਪਾਲਿਸੀਆਂ ਅਤੇ ਸੇਧਾਂ ਬਾਰੇ ਜਾਣਕਾਰੀ ਲਈ ohrc.on.ca 'ਤੇ ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ (Ontario Human Rights Commission) ਨਾਲ ਸੰਪਰਕ ਕਰੋ।

ਜੇ ਤੁਸੀਂ ਜੁਰਮ ਦੇ ਸ਼ਿਕਾਰ ਹੋਏ ਹੋ:

- ovss. findhelp.ca 'ਤੇ ਪੀੜਤ ਦੀਆਂ ਸੇਵਾਵਾਂ ਬਾਰੇ ਡਾਇਰੈਕਟਰੀ 'ਤੇ ਜਾਓ
- ਜਾਣਕਾਰੀ ਅਤੇ ਰੈਫ਼ਰਲ ਸਲਾਹਕਾਰ ਨਾਲ ਗੱਲ ਕਰਨ ਲਈ ਗ੍ਰੇਟਰ ਟੋਰਂਟੋ ਏਰੀਆ ਵਿੱਚ 1-888-579-2888 ਜਾਂ 416-314-2447 'ਤੇ ਪੀੜਤ ਸਹਾਇਤਾ ਲਾਈਨ ਨੂੰ ਕਾਲ ਕਰੋ।

ਨਫ਼ਰਤ ਸਬੰਧੀ ਜੁਰਮ ਬਾਰੇ ਰਿਪੋਰਟ ਕਰਨ ਲਈ ਆਪਣੇ ਸਥਾਨਕ ਪੁਲਿਸ ਅਫ਼ਸਰਾਂ ਨੂੰ ਕਾਲ ਕਰੋ।

## ਹੱਕਾਂ ਅਤੇ ਅਜ਼ਾਦੀ ਬਾਰੇ ਕਨੈਡੀਅਨ ਚਾਰਟਰ

ਇਹ ਚਾਰਟਰ ਬੰਸ, ਰਾਸ਼ਟਰੀ ਜਾਂ ਨਸਲੀ ਮੂਲ, ਰੰਗ, ਧਰਮ, ਲਿੰਗ, ਉਮਰ ਜਾਂ ਮਾਨਸਿਕ ਜਾਂ ਜਿਸਮਾਨੀ ਅਸਮਰਥਤਾ (ਅਪਾਹਜਪੁਣੇ) ਅਧਾਰਿਤ ਪੱਖਪਾਤ ਤੋਂ ਬਿਨਾ ਇੱਕੋ ਜਿਹੀ ਰਾਖੀ ਅਤੇ ਇੱਕੋ ਜਿਹੇ ਲਾਭ ਲਈ ਹੱਕ ਦੀ ਰਾਖੀ ਕਰਦਾ ਹੈ। ਨਿਆ ਵਿਭਾਗ 'ਤੇ ਚਾਰਟਰ ਬਾਰੇ ਜਾਣੋ: justice.gc.ca ਜਾਂ findlink.at/constiacts

## ਓਂਟਾਰੀਓ ਦਾ ਮਨੁੱਖੀ ਹੱਕਾਂ ਬਾਰੇ ਕੋਡ (Ontario Human Rights Code)

ਓਂਟਾਰੀਓ ਵਿਚਲੇ ਹਰ ਵਿਅਕਤੀ ਨੂੰ ਰੋਜ਼ਗਾਰ ਦੇ ਸਮਾਜਕ ਖੇਤਰਾਂ, ਸੇਵਾਵਾਂ, ਵਸਤਾਂ, ਸਹੂਲਤਾਂ, ਹਾਊਸਿੰਗ ਸਬੰਧੀ ਰਿਹਾਇਸ਼, ਇਕਰਾਰਨਾਮੇ ਅਤੇ ਵਪਾਰ ਅਤੇ ਕਿੱਤਾਮੁਖੀ ਐਸੋਸੀਏਸ਼ਨਾਂ ਵਿੱਚ ਮੈਂਬਰਸ਼ਿਪ ਵਿੱਚ ਨਸਲੀ ਪੱਖਪਾਤ ਅਤੇ ਤੰਗ-ਪਰੇਸ਼ਾਨ ਕੀਤੇ ਜਾਣ ਤੋਂ ਮੁਕਤ ਰਹਿਣ ਦਾ ਹੱਕ ਹੈ। ਕੋਡ ਵਿੱਚ ਬੰਸ ਪੱਖਪਾਤ ਦੀ ਮਨਾਹੀ ਦਾ ਅਧਾਰ ਹੈ ਅਤੇ ਇਹ ਨਸਲਪ੍ਰਸਤੀ ਅਤੇ ਨਸਲੀ ਪੱਖਪਾਤ ਦੀ ਗੱਲਬਾਤ ਦਾ ਅਹਿਮ ਹਿੱਸਾ ਬਣਿਆ ਰਹਿੰਦਾ ਹੈ। ohrc. on. ca 'ਤੇ ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ (Ontario Human Rights Commission) 'ਤੇ ਓਂਟਾਰੀਓ ਵਿੱਚ ਮਨੁੱਖੀ ਹੱਕਾਂ ਬਾਰੇ ਹੋਰ ਜਾਣੋ।

### ਮੁੱਖ ਪਰਿਭਾਸ਼ਾਵਾਂ

ਨਸਲਪ੍ਰਸਤ – ਇੱਕ ਉਹ ਸ਼ਖ਼ਸ, ਜੋ ਆਪਣੀਆਂ ਹਰਕਤਾਂ ਜਾਂ ਖ਼ਾਮੋਸ਼ੀ ਰਾਹੀਂ ਜਾਂ ਨਸਲਪ੍ਰਸਤੀ ਦਾ ਵਿਚਾਰ ਪ੍ਰਗਟਾਕੇ ਨਸਲਪ੍ਰਸਤੀ ਸਬੰਧੀ ਪਾਲਸੀ ਦੀ ਹਿਮਾਇਤ ਕਰ ਰਿਹਾ ਹੈ।

ਨਸਲਪ੍ਰਸਤੀ-ਵਿਰੋਧੀ – ਇੱਕ ਉਹ ਸ਼ਖ਼ਸ, ਜੋ ਆਪਣੀਆਂ ਕਾਰਵਾਈਆਂ ਰਾਹੀਂ ਜਾਂ ਨਸਲਪ੍ਰਸਤੀ-ਵਿਰੋਧੀ ਵਿਚਾਰ ਪ੍ਰਗਟਾਕੇ ਨਸਲਪ੍ਰਸਤੀ-ਵਿਰੋਧੀ ਪਾਲਸੀ ਦੀ ਹਿਮਾਇਤ ਕਰ ਰਿਹਾ ਹੈ।

ਨਸਲਪ੍ਰਸਤੀ – ਨਸਲਪ੍ਰਸਤੀ ਪਾਲਸੀਆਂ ਅਤੇ ਨਸਲਪ੍ਰਸਤੀ-ਵਿਚਾਰਾਂ ਦਾ ਸੁਮੇਲ, ਜੋ ਨਸਲੀ ਨਾਬਰਾਬਰੀਆਂ ਸਿਰਜਦੀ ਹੈ ਅਤੇ ਉਹਨਾਂ ਨੂੰ ਸੁਭਾਵਕ ਬਣਾਉਂਦੀ ਹੈ। ਨਸਲਪ੍ਰਸਤੀ-ਵਿਰੋਧੀ – ਨਸਲਪ੍ਰਸਤੀ-ਵਿਰੋਧੀ ਪਾਲਸੀਆਂ ਦਾ ਇੱਕ ਤਾਕਤਵਰ ਸੰਗ੍ਰਹਿ, ਜੋ ਨਸਲੀ ਬਰਾਬਰੀ ਦੀ ਅਗਵਾਈ ਕਰਦਾ ਹੈ ਅਤੇ ਇਸ ਨੂੰ ਨਸਲਪ੍ਰਸਤੀ ਵਿਚਾਰਾਂ ਰਾਹੀਂ ਸਿੱਧ ਕਰਦਾ ਹੈ।

ਸ੍ਰੋਤ: ਨਸਲਪ੍ਰਸਤੀ-ਵਿਰੋਧੀ ਕਿਵੇਂ ਬਣੋ, ਇਬਰਾਮ X. ਕੈਂਡੀ

